## ਦਫਤਰ ਆਬਕਾਰੀ ਕਮਿਸ਼ਨਰ, ਪੰਜਾਬ।

### ਹੁਕਮ

ਮਿਤੀ 30-07-2020 ਅਤੇ 31-07-2020 ਨੂੰ ਜਿਲਾ ਅੰਮ੍ਰਿਤਸਰ, ਤਰਨਤਾਰਨ ਅਤੇ ਗੁਰਦਾਸਪੁਰ ਵਿੱਚ ਨਜਾਇਜ਼ ਸ਼ਰਾਬ ਕਾਰਨ ਦੁਖਦਾਈ ਘਟਨਾ ਵਾਪਰੀ ਹੈ, ਜਿਸ ਕਾਰਨ 64 ਵਿਅਕਤੀਆਂ ਦੀ ਮੌਤ ਹੋ ਗਈ ਹੈ। ਜਿਸ ਤੋਂ ਜਾਪਦਾ ਹੈ ਕਿ ਇਨਾਂ ਹੇਠ ਲਿਖੇ ਆਬਕਾਰੀ ਸਰਕਲਾਂ ਵਿੱਚ ਤੈਨਾਤ ਨਿਰੀਖਕਾਂ ਵਲੋਂ ਆਪਣੀ ਡਿਊਟੀ ਵਿੱਚ ਲਾਪਰਵਾਹੀ ਵਰਤੀ ਹੈ ਅਤੇ ਨਜਾਇਜ਼ ਸ਼ਰਾਬ ਦੀ ਕਸ਼ੀਦਗੀ/ਵਿਕਰੀ ਤੇ ਕੰਟਰੋਲ ਨਹੀਂ ਰੱਖਿਆ। ਇਸ ਲਈ ਹੇਠ ਲਿਖੇ ਨਿਰੀਖਕਾਂ ਨੂੰ ਤੁਰੰਤ ਸਰਕਾਰੀ ਸੇਵਾ ਤੋਂ ਮੁਅੱਤਲ ਕੀਤਾ ਜਾਂਦਾ ਹੈ:

| ਲੜੀ ਨੰ: | ਆਬਕਾਰੀ ਨਿਰੀਖਕ ਦਾ ਨਾਮ | ਆਬਕਾਰੀ ਸਰਕਲ |
|---|---|---|
| 1 | ਸ੍ਰੀ ਰਵੀ ਕੁਮਾਰ | ਬਟਾਲਾ ਸਿਟੀ |
| 2 | ਸ੍ਰੀ ਗੁਰਦੀਪ ਸਿੰਘ | ਜੰਡਿਆਲਾ |
| 3 | ਸ੍ਰੀ ਪੁਖਰਾਜ ਸਿੰਘ | ਫਤਿਹਬਾਦ |
| 4 | ਸ੍ਰੀ ਹਿਤੇਸ਼ ਪ੍ਰਭਾਕਰ | ਤਰਨਤਾਰਨ ਸਿਟੀ |

2. ਮੁਅੱਤਲੀ ਸਮੇਂ ਦੌਰਾਨ ਉਨ੍ਹਾਂ ਦਾ ਹੈਡ ਕੁਆਟਰ ਦਫਤਰ ਉਪ ਕਮਿਸ਼ਨਰ (ਆਬਕਾਰੀ), ਜਲੰਧਰ ਰੇਂਜ ਵਿਖੇ ਨਿਸ਼ਚਿਤ ਕੀਤਾ ਜਾਂਦਾ ਹੈ।

3. ਮੁਅੱਤਲੀ ਸਮੇਂ ਦੌਰਾਨ ਕਰਮਚਾਰੀਆਂ ਨੂੰ ਨਿਯਮਾਂ ਅਨੁਸਾਰ ਗੁਜਾਰਾ ਭੱਤਾ ਦਿੱਤਾ ਜਾਵੇਗਾ।

4. ਉਨ੍ਹਾਂ ਨੂੰ ਇਹ ਗੁਜਾਰਾ ਭੱਤਾ ਇਸ ਸ਼ਰਤ ਤੇ ਦਿੱਤਾ ਜਾਵੇਗਾ ਕਿ ਉਹ ਮੁਅੱਤਲੀ ਸਮੇਂ ਦੌਰਾਨ ਕੋਈ ਵਪਾਰ, ਪ੍ਰਾਈਵੇਟ ਨੌਕਰੀ ਨਹੀਂ ਕਰਨਗੇ।

5. ਮੁਅੱਤਲੀ ਸਮੇਂ ਦੌਰਾਨ ਉਨ੍ਹਾਂ ਨੂੰ ਆਪਣਾ ਹੈਡ ਕੁਆਟਰ ਛੱਡਣ ਦੀ ਆਗਿਆ ਨਹੀਂ ਹੋਵੇਗੀ। ਉਹ ਦਫਤਰ ਵਿੱਚ ਹਾਜ਼ਰ ਰਹਿਣਗੇ ਪਰੰਤੂ ਇਸ ਦੌਰਾਨ ਕੋਈ ਦਫਤਰੀ ਕੰਮ-ਕਾਜ ਜਾਂ ਦਫਤਰੀ ਕੰਮ ਵਿੱਚ ਦਖਲ ਅੰਦਾਜੀ ਨਹੀਂ ਕਰਨਗੇ।

ਮੋਹਾਲੀ
ਮਿਤੀ: 01-08-2020

ਰਜਤ ਅਗਰਵਾਲ,ਆਈ.ਏ.ਐਸ.
ਆਬਕਾਰੀ ਕਮਿਸ਼ਨਰ, ਪੰਜਾਬ।

ਨੰਬਰ: ਨ.ਗ.-3-2020/
ਦਫਤਰ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ,
ਪਟਿਆਲਾ, ਮਿਤੀ:

ਇਸ ਦਾ ਇੱਕ ਉਤਾਰਾ ਉਪਰੋਕਤ ਕਰਮਚਾਰੀਆਂ ਨੂੰ ਤੁਰੰਤ ਹੁਕਮਾਂ ਦੀ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਆਬਕਾਰੀ ਤੇ ਕਰ ਕਮਿਸ਼ਨਰ(ਪ੍ਰ)
ਵਾਸਤੇ ਆਬਕਾਰੀ ਕਮਿਸ਼ਨਰ, ਪੰਜਾਬ।

ਨੰਬਰ: ਨ.ਗ.-3-2020/ ਪਟਿਆਲਾ, ਮਿਤੀ:

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ

1. ਉਪ ਕਮਿਸ਼ਨਰ(ਆਬਕਾਰੀ) ਜਲੰਧਰ ਰੇਂਜ
2. ਸਹਾਇਕ ਕਮਿਸ਼ਨਰ, (ਆਬਕਾਰੀ) ਅੰਮ੍ਰਿਤਸਰ ਅਤੇ ਗੁਰਦਾਸਪੁਰ

ਭੇਜਦੇ ਹੋਏ ਲਿਖਿਆਂ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀਆਂ ਨੂੰ ਸਰਵ ਕਰਵਾ ਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਵਧੀਕ ਆਬਕਾਰੀ ਤੇ ਕਰ ਕਮਿਸ਼ਨਰ(ਪ੍ਰ)
ਵਾਸਤੇ ਆਬਕਾਰੀ ਕਮਿਸ਼ਨਰ, ਪੰਜਾਬ।

ਨੰਬਰ: ਨ.ਗ.-3-2020/ ਪਟਿਆਲਾ, ਮਿਤੀ:

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਆਬਕਾਰੀ ਕਮਿਸ਼ਨਰ, ਪੰਜਾਬ, ਪਟਿਆਲਾ।
2. ਨ.ਗ.-2, ਨਾਨ ਗਜਟਿਡ ਸਾਖਾ, ਮੁੱਖ ਦਫਤਰ ਪਟਿਆਲਾ।

ਵਧੀਕ ਆਬਕਾਰੀ ਤੇ ਕਰ ਕਮਿਸ਼ਨਰ(ਪ੍ਰ)
ਵਾਸਤੇ ਆਬਕਾਰੀ ਕਮਿਸ਼ਨਰ, ਪੰਜਾਬ।